Public Guardian
and Trustee
of British Columbia

# ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲਾ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਰੋਲ

ਪੀ ਜੀ ਟੀ ਨਾਲ ਸੰਪਰਕ ਕਰ ਰਹੇ ਅਸੈੱਸਰਾਂ ਅਤੇ ਮੈਨੇਜਰਾਂ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਬਾਲਗਾਂ ਲਈ ਜਾਣਕਾਰੀ ਜਿਨ੍ਹਾਂ ਲਈ ਪੀ ਜੀ ਟੀ ਬਦਲਵੇਂ ਫੈਸਲੇ ਕਰਨ ਵਾਲੇ ਦੇ ਤੌਰ 'ਤੇ ਕੰਮ ਕਰਦਾ ਹੈ

## ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲਾ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਰੋਲ

ਇਹ ਬਰੋਸ਼ਰ ਸੰਭਾਲ ਕਰਨ ਵਾਲੀ ਥਾਂ ਵਿਚ ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ ਦੀਆਂ ਸ਼ਰਤਾਂ ਅਤੇ ਇਸ ਨਾਲ ਸੰਬੰਧਿਤ ਨਿਯਮਾਂ ਅਤੇ ਸਿਹਤ ਮਹਿਕਮੇ ਦੀਆਂ ਨੀਤੀਆਂ ਬਾਰੇ ਦੱਸਦਾ ਹੈ। ਇਹ ਬਦਲਵੇਂ ਫੈਸਲੇ ਕਰਨ ਵਾਲੇ ਵਜੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਦੇ ਰੋਲ ਬਾਰੇ ਵੀ ਵਰਣਨ ਕਰਦਾ ਹੈ। ਇਹ ਪੀ ਜੀ ਟੀ ਨਾਲ ਸੰਪਰਕ ਕਰ ਰਹੇ ਅਸੈੱਸਰਾਂ ਅਤੇ ਮੈਨੇਜਰਾਂ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਬਾਲਗਾਂ ਲਈ ਹੈ ਜਿਨ੍ਹਾਂ ਲਈ ਪੀ ਜੀ ਟੀ ਬਦਲਵੇਂ ਫੈਸਲੇ ਕਰਨ ਵਾਲੇ ਦੇ ਤੌਰ 'ਤੇ ਕੰਮ ਕਰਦਾ ਹੈ।

---

*ਆਮ ਨਿਯਮ:*

*ਬਾਲਗਾਂ ਨੂੰ ਜਾਣੂ ਕਰਵਾ ਕੇ ਲਈ ਜਾਣ ਵਾਲੀ ਉਨ੍ਹਾਂ ਦੀ ਸਹਿਮਤੀ ਨਾਲ ਹੀ ਸੰਭਾਲ ਕਰਨ ਵਾਲੀ ਕਿਸੇ ਲਸੰਸਸ਼ੁਦਾ ਥਾਂ ਵਿਚ ਦਾਖਲ ਕੀਤਾ ਜਾ ਸਕਦਾ ਹੈ। ਜੇ ਉਹ ਫੈਸਲੇ ਕਰਨ ਦੇ ਅਸਮਰੱਥ ਪਾਏ ਜਾਂਦੇ ਹਨ, ਤਾਂ ਜਾਣੂ ਕਰਵਾ ਕੇ ਲਈ ਜਾਣ ਵਾਲੀ ਸਹਿਮਤੀ ਉਨ੍ਹਾਂ ਲਈ ਬਦਲਵੇਂ ਫੈਸਲੇ ਕਰਨ ਵਾਲੇ ਤੋਂ ਲਈ ਜਾਣੀ ਜ਼ਰੂਰੀ ਹੈ।*

---

## ਬਾਲਗਾਂ, ਪਰਿਵਾਰਾਂ ਅਤੇ ਸਿਹਤ/ਸਮਾਜਿਕ ਸੇਵਾਵਾਂ ਦੇਣ ਵਾਲਿਆਂ ਨੂੰ ਕਾਨੂੰਨ ਬਾਰੇ ਕੀ ਜਾਣਨ ਦੀ ਲੋੜ ਹੈ

### ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਲਈ ਅਪਲਾਈ ਕਰਨਾ

ਕੋਈ ਬਾਲਗ ਜਾਂ ਜੇ ਬਾਲਗ ਅਸਮਰੱਥ ਹੋਵੇ ਤਾਂ ਉਸ ਦੀ ਤਰਫੋਂ ਕਾਰਜ ਕਰਨ ਵਾਲਾ ਕੋਈ ਵਿਅਕਤੀ ਰੀਜਨਲ ਹੈਲਥ ਅਥਾਰਟੀ ਲਈ ਕੰਮ ਕਰ ਰਹੇ ਕਿਸੇ ਮੈਨੇਜਰ ਕੋਲ ਜਾਂ ਸੰਭਾਲ ਕਰਨ ਵਾਲੀ ਕਿਸੇ ਪ੍ਰਾਈਵੇਟ ਥਾਂ ਨੂੰ ਚਲਾਉਣ ਲਈ ਜ਼ਿੰਮੇਵਾਰ ਮੈਨੇਜਰ ਕੋਲ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਲਈ ਅਪਲਾਈ ਕਰ ਸਕਦਾ ਹੈ।

**ਸੂਬਾਈ ਲੌਂਗ ਟਰਮ ਕੇਅਰ ਐਕਸੈੱਸ ਗਾਈਡਲਾਈਨਜ਼** (ਚੈਪਟਰ 6ਡੀ) ਹੇਠ, ਬਾਲਗ ਜਾਂ ਉਸ ਦੀ ਤਰਫੋਂ ਕੰਮ ਕਰਨ ਵਾਲਾ ਕੋਈ ਵਿਅਕਤੀ ਸਰਕਾਰ ਦੀ ਮਦਦ ਨਾਲ ਚੱਲਣ ਵਾਲੇ ਤਿੰਨ (ਅਤੇ ਕੁਝ ਕੇਸਾਂ ਵਿਚ ਜ਼ਿਆਦਾ) ਤਰਜੀਹੀ ਲੌਂਗ ਟਰਮ ਕੇਅਰ ਹੋਮਜ਼ ਦੀ ਚੋਣ ਕਰ ਸਕਦਾ ਹੈ ਜਾਂ ਆਰਜ਼ੀ ਕੇਅਰ ਹੋਮ ਦੀ ਚੋਣ ਕਰ ਸਕਦਾ ਹੈ ਜੇ ਬਾਲਗ ਨੂੰ ਇਲਾਕੇ ਵਿਚ ਸੁਰੱਖਿਅਤ ਤਰੀਕੇ ਨਾਲ ਸਾਂਭਿਆ ਨਾ ਜਾ ਸਕਦਾ ਹੋਵੇ।

### ਇਸ ਕਾਨੂੰਨ ਹੇਠ ਕਿਸ ਕਿਸਮਾਂ ਦੀਆਂ ਥਾਂਵਾਂ ਕਵਰ ਹਨ?

ਇਸ ਵਿਚ ਅੱਗੇ ਦਿੱਤੀਆਂ ਲਸੰਸਸ਼ੁਦਾ ਥਾਂਵਾਂ ਸ਼ਾਮਲ ਹਨ:

- ਲੌਂਗ ਟਰਮ ਕੇਅਰ (ਲੰਬੇ ਸਮੇਂ ਲਈ ਸੰਭਾਲ ਕਰਨ ਵਾਲੇ) ਹੋਮਜ਼;
- ਥੋੜ੍ਹੇ ਸਮੇਂ ਲਈ ਫੁਰਸਤ ਦਿਵਾਉਣ ਦੀਆਂ ਥਾਂਵਾਂ;
- ਹੌਸਪਿਸ;
- ਰੀਹੈਬਲੀਟੇਸ਼ਨ/ਸਿਹਤਯਾਬੀ ਲਈ ਥਾਂਵਾਂ; ਅਤੇ

- ਸੰਕਟ ਵੇਲੇ ਦਖਲਅੰਦਾਜ਼ੀ/ਸਥਿਰ ਕਰਨਾ, ਡੀਟੌਕਸ, ਅਸੈੱਸਮੈਂਟ ਅਤੇ ਇਲਾਜ ਜਾਂ ਮਾਨਸਿਕ ਸਿਹਤ ਅਤੇ/ਜਾਂ ਨਸ਼ਿਆਂ ਦੀ ਵਰਤੋਂ ਦੀਆਂ ਸਮੱਸਿਆਵਾਂ ਵਾਲੇ ਬਾਲਗਾਂ ਲਈ ਰਿਹਾਇਸ਼ੀ ਸੰਭਾਲ ਦੀਆਂ ਸੇਵਾਵਾਂ।

## ਕਿਸੇ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਲਈ ਸਹਿਮਤੀ ਦੇਣ, ਨਾਂਹ ਕਰਨ ਜਾਂ ਰੱਦ ਕਰਨ ਦਾ ਬਾਲਗ ਦਾ ਹੱਕ

ਢੁਕਵੀਂ ਗੱਲਬਾਤ ਅਤੇ ਲੋੜੀਂਦੀ ਜਾਣਕਾਰੀ ਅਤੇ ਮਦਦ ਨਾਲ, ਬਹੁਤੇ ਬਾਲਗ ਸੰਭਾਲ ਕਰਨ ਵਾਲੀ ਥਾਂ ਵਿਚ ਆਪਣੇ ਦਾਖਲੇ ਬਾਰੇ ਫੈਸਲੇ ਕਰ ਸਕਦੇ ਹਨ। ਫੈਸਲੇ ਲਈ ਪਹਿਲਾਂ ਬਾਲਗ ਨਾਲ ਗੱਲ ਕਰਨਾ ਜ਼ਰੂਰੀ ਹੈ। ਸਮਰੱਥ ਬਾਲਗ ਸੰਭਾਲ ਕਰਨ ਵਾਲੀ ਕਿਸੇ ਥਾਂ ਨੂੰ ਛੱਡ ਕੇ ਜਾਣ ਦਾ ਫੈਸਲਾ ਵੀ ਕਰ ਸਕਦੇ ਹਨ।

### ਜੇ ਕੋਈ ਬਾਲਗ ਸਹਿਮਤੀ ਦੇਣ ਜਾਂ ਦੇਣ ਤੋਂ ਨਾਂਹ ਕਰਨ ਦੇ ਅਸਮਰੱਥ ਹੋਵੇ ਤਾਂ ਕੀ ਹੋਵੇਗਾ?

ਜੇ ਸਹਿਮਤੀ ਲੈਣ ਲਈ ਜ਼ਿੰਮੇਵਾਰ ਮੈਨੇਜਰ ਇਸ ਚੀਜ਼ ਬਾਰੇ ਫਿਕਰਮੰਦ ਹੋ ਜਾਂਦਾ ਹੈ ਕਿ ਬਾਲਗ ਕੀਤੇ ਜਾਣ ਵਾਲੇ ਫੈਸਲੇ ਨੂੰ ਸਮਝ ਨਹੀਂ ਰਿਹਾ ਤਾਂ ਉਸ ਲਈ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਕੀ ਬਾਲਗ ਲਈ ਕੋਰਟ ਵਲੋਂ ਵਿਅਕਤੀ ਲਈ ਕਮੇਟੀ ਨਿਯੁਕਤ ਕੀਤੀ ਗਈ ਹੈ ਕਿ ਨਹੀਂ।

ਜੇ ਬਾਲਗ ਕੋਲ ਵਿਅਕਤੀ ਦੀ ਕਮੇਟੀ ਨਾ ਹੋਵੇ ਤਾਂ ਫਿਰ ਮੈਨੇਜਰ ਵਲੋਂ ਬਾਲਗ ਦੀ ਅਸਮਰੱਥਾ ਦਾ ਪਤਾ ਲਾਇਆ ਜਾਣਾ ਜ਼ਰੂਰੀ ਹੈ। ਜੇ ਬਾਲਗ ਨੂੰ ਸਹਿਮਤੀ ਦੇਣ ਜਾਂ ਦੇਣ ਤੋਂ ਨਾਂਹ ਕਰਨ ਦੇ ਅਸਮਰੱਥ ਪਾਇਆ ਗਿਆ ਹੈ ਤਾਂ ਮੈਨੇਜਰ ਲਈ ਫੈਸਲੇ ਕਰਨ ਵਾਲਾ ਪਹਿਲਾ ਢੁਕਵਾਂ ਵਿਅਕਤੀ ਚੁਣਨਾ ਜ਼ਰੂਰੀ ਹੈ ਜੋ ਕਿ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਦਾ ਫੈਸਲਾ ਕਰਨ ਲਈ ਯੋਗ ਹੈ:

- ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ ਦੇ ਸੈਕਸ਼ਨ 9 ਹੇਠ ਬਾਲਗ ਦਾ ਨੁਮਾਇੰਦਾ;
- ਬਾਲਗ ਦੀ ਪਤਨੀ/ਪਤੀ;
- ਬਾਲਗ ਦਾ ਬੱਚਾ;
- ਬਾਲਗ ਦਾ ਮਾਪਾ;
- ਬਾਲਗ ਦਾ ਭਰਾ ਜਾਂ ਭੈਣ;
- ਬਾਲਗ ਦਾ ਗਰੈਂਡਪੇਰੈਂਟ;
- ਬਾਲਗ ਦਾ ਗਰੈਂਡਚਾਇਲਡ;
- ਕੋਈ ਵੀ ਉਹ ਵਿਅਕਤੀ ਜਿਹੜਾ ਜਨਮ ਜਾਂ ਗੋਦ ਲਏ ਜਾਣ ਕਰਕੇ ਬਾਲਗ ਦਾ ਰਿਸ਼ਤੇਦਾਰ ਹੈ;
- ਬਾਲਗ ਦਾ ਕੋਈ ਜਿਗਰੀ ਦੋਸਤ;
- ਕੋਈ ਵਿਅਕਤੀ ਜੋ ਵਿਆਹ ਕਰਕੇ ਬਾਲਗ ਦਾ ਰਿਸ਼ਤੇਦਾਰ ਹੈ।

### ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਦਾ ਫੈਸਲਾ ਕਰਨ ਦੇ ਯੋਗ ਹੋਣ ਲਈ, ਚੁਣੇ ਗਏ ਵਿਅਕਤੀ ਦਾ ਇਹ ਹੋਣਾ ਜ਼ਰੂਰੀ ਹੈ:

- ਉਮਰ ਘੱਟੋ ਘੱਟ 19 ਸਾਲ;
- ਪਛਲੇ 12 ਮਹੀਨਿਆਂ ਦੌਰਾਨ ਬਾਲਗ ਦੇ ਸੰਪਰਕ ਵਿਚ;
- ਬਾਲਗ ਨਾਲ ਕੋਈ ਝਗੜਾ ਨਹੀਂ ਹੈ;
- ਬਦਲਵੀਂ ਸਹਿਮਤੀ ਦੇਣ ਜਾਂ ਨਾਂਹ ਕਰਨ ਦੇ ਯੋਗ ਹੋਣਾ; ਅਤੇ
- ਬਦਲਵੇਂ ਫੈਸਲੇ ਕਰਨ ਵਾਲੇ ਦੇ ਫਰਜ਼ ਪੂਰੇ ਕਰਨ ਦਾ ਖਾਹਸ਼ਮੰਦ ਹੋਣਾ।

### ਬਦਲਵੇਂ ਫੈਸਲੇ ਕਰਨ ਵਾਲੇ ਦੇ ਕਿਹੜੇ ਫਰਜ਼ ਹਨ?

ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਬਾਲਗ ਦੇ ਦਾਖਲੇ (ਜਾਂ ਸੰਭਾਲ ਕਰਨ ਵਾਲੀ ਥਾਂ ਵਿਚ ਰਹਿਣਾ ਜਾਰੀ ਰੱਖਣ) ਲਈ ਸਹਿਮਤੀ ਦੇਣ ਜਾਂ ਨਾਂਹ ਕਰਨ ਤੋਂ ਪਹਿਲਾਂ ਬਦਲਵੇਂ ਫੈਸਲੇ ਕਰਨ ਵਾਲੇ ਲਈ ਇਹ ਕਰਨਾ ਜ਼ਰੂਰੀ ਹੈ:

- ਬਾਲਗ ਨਾਲ ਅਤੇ ਮਦਦ ਮੰਗਣ ਵਾਲੇ ਬਾਲਗ ਦੀ ਪਤਨੀ/ਪਤੀ, ਦੋਸਤ ਜਾਂ ਰਿਸ਼ਤੇਦਾਰ ਨਾਲ ਸਲਾਹ ਕਰਨਾ ਜਾਂ ਸਲਾਹ ਕਰਨ ਦੀ ਵਾਜਬ ਕੋਸ਼ਿਸ਼ ਕਰਨਾ; ਅਤੇ
- ਬਾਲਗ ਦੇ ਸਭ ਤੋਂ ਬਿਹਤਰ ਹਿੱਤਾਂ ਵਿਚ ਫੈਸਲਾ ਕਰਨਾ।

### ਬਿਹਤਰ ਹਿੱਤਾਂ ਵਿਚ ਫੈਸਲਾ ਕੀ ਹੈ?

ਬਾਲਗ ਦੇ ਬਿਹਤਰ ਹਿੱਤਾਂ ਦਾ ਪਤਾ ਲਾਉਣ ਵੇਲੇ ਬਦਲਵੇਂ ਫੈਸਲੇ ਕਰਨ ਵਾਲਿਆਂ ਲਈ ਇਹ ਵਿਚਾਰ ਕਰਨਾ ਜ਼ਰੂਰੀ ਹੈ:

- ਬਾਲਗ ਦੀਆਂ ਮੌਜੂਦਾ ਇੱਛਾਵਾਂ, ਪਹਿਲਾਂ ਦੱਸੀਆਂ ਗਈਆਂ ਇੱਛਾਵਾਂ, ਕਦਰਾਂ-ਕੀਮਤਾਂ ਅਤੇ ਵਿਚਾਰ;
- ਕੀ ਬਾਲਗ ਨੂੰ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਤੋਂ ਫਾਇਦਾ ਹੋ ਸਕਦਾ ਹੈ ਜਾਂ ਨਹੀਂ; ਅਤੇ
- ਕੀ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਦੇ ਇਲਾਵਾ ਕੋਈ ਹੋਰ ਤਰੀਕਾ ਹੈ ਜਾਂ ਸੰਭਾਲ ਕਰਨ ਵਾਲੀ ਥਾਂ ਦੀ ਘੱਟ ਬੰਦਸ਼ਾਂ ਵਾਲੀ ਕੋਈ ਹੋਰ ਕਿਸਮ ਉਪਲਬਧ ਅਤੇ ਢੁਕਵੀਂ ਹੈ।

ਬਦਲਵੇਂ ਫੈਸਲੇ ਕਰਨ ਵਾਲਿਆਂ ਨੂੰ ਉਹ ਜਾਣਕਾਰੀ ਅਤੇ ਡਾਕੂਮੈਂਟਸ (ਪੇਪਰ) ਲੈਣ ਦਾ ਹੱਕ ਹੈ ਜਿਸ ਲਈ ਬਾਲਗ ਹੱਕਦਾਰ ਹੈ ਅਤੇ ਜਿਹੜੇ ਜਾਣਕਾਰੀ ਲੈ ਕੇ ਫੈਸਲਾ ਕਰਨ ਲਈ ਜ਼ਰੂਰੀ ਹਨ। ਬਦਲਵਾਂ ਫੈਸਲਾ ਕਰਨ ਵਾਲਾ ਬਾਲਗ ਦੇ ਬਿਹਤਰ ਹਿੱਤਾਂ ਲਈ ਅਜਿਹਾ ਫੈਸਲਾ ਕਰ ਸਕਦਾ ਹੈ ਜਿਸ ਨਾਲ ਸ਼ਾਇਦ ਬਾਲਗ ਸਹਿਮਤ ਨਹੀਂ ਹੋ ਸਕਦਾ ਹੈ।

### ਜੇ ਬਾਲਗ ਅਸਮਰੱਥਾ ਦੇ ਫੈਸਲੇ ਦਾ ਵਿਰੋਧ ਕਰੇ ਤਾਂ ਕੀ ਹੋਵੇਗਾ?

ਜੇ ਬਾਲਗ ਕੀਤੀ ਗਈ ਅਸੈੱਸਮੈਂਟ ਦਾ ਵਿਰੋਧ ਕਰਦਾ ਹੈ ਤਾਂ ਬਾਲਗ ਇਹ ਦੱਸ ਸਕਦਾ ਹੈ ਕਿ ਮੈਨੇਜਰ ਕਿਸੇ ਹੋਰ ਅਸੈੱਸਰ ਤੋਂ ਇਕ ਹੋਰ ਅਸੈੱਸਮੈਂਟ ਕਰਵਾਉਣ ਦਾ ਪ੍ਰਬੰਧ ਕਰੇ। ਜੇ ਪਹਿਲਾ ਅਸੈੱਸਰ ਕੋਈ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਹੀਂ ਹੈ ਤਾਂ ਦੂਜੇ ਅਸੈੱਸਰ ਦਾ ਅਜਿਹਾ ਹੋਣਾ ਜ਼ਰੂਰੀ ਹੈ।

ਬਾਲਗ ਜਾਂ ਬਾਲਗ ਤਰਫੋਂ ਕੰਮ ਕਰਨ ਵਾਲੇ ਹੋਰ ਲੋਕ ਪਹਿਲਾਂ ਮੈਨੇਜਰ ਨਾਲ ਗੱਲ ਕਰਕੇ ਰੀਜਨਲ ਹੈਲਥ ਅਥਾਰਟੀ ਦੇ ਸਟਾਫ ਦੇ ਕਿਸੇ ਐਕਸ਼ਨ ਦਾ ਵਿਰੋਧ ਕਰ ਸਕਦੇ ਹਨ। ਸ਼ਿਕਾਇਤਾਂ ਦਾ ਸਭ ਤੋਂ ਬਿਹਤਰ ਹੱਲ ਉਸ ਸਮੇਂ ਅਤੇ ਥਾਂ 'ਤੇ ਹੁੰਦਾ ਹੈ ਜਦੋਂ ਉਹ ਹੁੰਦੀਆਂ ਹਨ। ਜੇ ਮੈਨੇਜਰ ਨਾਲ ਗੱਲਬਾਤ ਕਰਨ ਤੋਂ ਬਾਅਦ ਵੀ ਸਰੋਕਾਰਾਂ ਦਾ ਹੱਲ ਨਹੀਂ ਹੁੰਦਾ ਤਾਂ ਲਾਗੂ ਹੋਣ ਵਾਲੇ **ਪੇਸ਼ੈਂਟ ਕੇਅਰ ਕੁਆਲਟੀ ਆਫਿਸ** ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਜੇ ਬਾਲਗ ਜਾਂ ਬਾਲਗ ਦੀ ਤਰਫੋਂ ਫੈਸਲੇ ਕਰਨ ਵਾਲਾ ਕਿਸੇ ਅਜਿਹੀ ਚੀਜ਼ ਬਾਰੇ ਫਿਕਰਮੰਦ ਹੋਵੇ ਜਿਹੜੀ ਸੰਭਾਲ ਕਰਨ ਵਾਲੀ ਲਸੰਸਸ਼ੁਦਾ ਥਾਂ 'ਤੇ ਹੁੰਦੀ ਹੈ ਤਾਂ ਉਹ ਉਸ ਥਾਂ ਲਈ ਜ਼ਿੰਮੇਵਾਰ **ਕਮਿਉਨਟੀ ਕੇਅਰ ਲਾਇਸੰਸਿੰਗ ਅਫਸਰ** ਨਾਲ ਸੰਪਰਕ ਕਰ ਸਕਦੇ ਹਨ।

ਓਮਬਡਜ਼ਪਰਸਨ ਦੇ ਦਫਤਰ ਨੂੰ ਬੀ.ਸੀ. ਦੀਆਂ ਸਰਕਾਰੀ ਏਜੰਸੀਆਂ ਨਾਲ ਸੰਬੰਧਿਤ ਸ਼ਿਕਾਇਤਾਂ ਦੀ ਪੜਤਾਲ ਕਰਨ ਦਾ ਅਧਿਕਾਰ ਹੈ।

### ਕੀ ਕੋਈ ਹੋਰ ਕਾਨੂੰਨੀ ਹੱਲ ਵੀ ਹਨ?

ਅੱਗੇ ਲਿਖੇ ਵਿਅਕਤੀ ਸੇਧ ਜਾਂ ਆਰਡਰ ਲਈ ਕੋਰਟ ਕੋਲ ਵੀ ਅਪਲਾਈ ਕਰ ਸਕਦੇ ਹਨ:

- ਬਾਲਗ ਦਾ ਨੁਮਾਇੰਦਾ ਜਾਂ ਵਿਅਕਤੀ ਦੀ ਕਮੇਟੀ;
- ਬਦਲਵੇਂ ਫੈਸਲੇ ਕਰਨ ਲਈ ਚੁਣਿਆ ਗਿਆ ਵਿਅਕਤੀ; ਜਾਂ
- ਕੋਈ ਬਾਲਗ ਜਿਹੜਾ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਲਈ ਸਹਿਮਤੀ ਦੇਣ ਜਾਂ ਨਾਂਹ ਕਰਨ ਦੇ ਅਸਮਰੱਥ ਸਮਝਿਆ ਗਿਆ ਹੈ।

ਕੋਰਟ ਇਹ ਆਰਡਰ ਕਰ ਸਕਦੀ ਹੈ ਕਿ:

- ਬਾਲਗ ਦੀ ਅਸਮਰੱਥਾ ਦੀ ਅਸੈੱਸਮੈਂਟ ਕੀਤੀ ਜਾਵੇ; ਅਤੇ
- ਬਦਲਵਾਂ ਫੈਸਲਾ ਕਰਨ ਵਾਲੇ ਵਲੋਂ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਨੂੰ ਠੀਕ ਕਹਿ ਸਕਦੀ ਹੈ, ਇਸ ਫੈਸਲੇ ਨੂੰ ਉਲਟਾ ਸਕਦੀ ਹੈ ਜਾਂ ਇਸ ਨੂੰ ਤਬਦੀਲ ਕਰ ਸਕਦੀ ਹੈ।

### ਕੀ ਕਿਸੇ ਬਾਲਗ ਨੂੰ ਐਮਰਜੰਸੀ ਵਿਚ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲ ਕੀਤਾ ਜਾ ਸਕਦਾ ਹੈ?

ਕੋਈ ਸਮਰੱਥ ਬਾਲਗ ਐਮਰਜੰਸੀ ਵਿਚ ਦਾਖਲ ਹੋਣ ਲਈ ਸਹਿਮਤੀ ਦੇ ਸਕਦਾ ਹੈ ਜਾਂ ਸਹਿਮਤੀ ਦੇਣ ਤੋਂ ਨਾਂਹ ਕਰ ਸਕਦਾ ਹੈ।

ਜੇ ਕਿਸੇ ਬਾਲਗ ਦੀ ਅਸੈੱਸਮੈਂਟ ਅਸਮਰੱਥ ਵਜੋਂ ਹੋਈ ਹੈ ਤਾਂ ਮੈਨੇਜਰ ਬਿਨਾਂ ਸਹਿਮਤੀ ਦੇ ਕਿਸੇ ਬਾਲਗ ਨੂੰ ਦਾਖਲ ਕਰ ਸਕਦਾ ਹੈ ਜੇ ਬਾਲਗ ਦੀ ਜ਼ਿੰਦਗੀ ਬਚਾਉਣ ਲਈ, ਮਾਨਸਿਕ ਜਾਂ ਸਰੀਰਕ ਨੁਕਸਾਨ ਤੋਂ ਰੋਕਥਾਮ ਕਰਨ ਲਈ ਜਾਂ ਕਿਸੇ ਵੀ ਵਿਅਕਤੀ ਨੂੰ ਗੰਭੀਰ ਨੁਕਸਾਨ ਹੋਣ ਤੋਂ ਰੋਕਣ ਲਈ ਫੌਰਨ ਦਾਖਲ ਕੀਤੇ ਜਾਣ ਦੀ ਲੋੜ ਹੋਵੇ। ਮੈਨੇਜਰ ਲਈ 72 ਘੰਟਿਆਂ ਦੇ ਵਿਚ ਵਿਚ ਬਦਲਵੀਂ ਸਹਿਮਤੀ ਲੈਣਾ ਜ਼ਰੂਰੀ ਹੈ।

ਜੇ ਮਦਦ ਅਤੇ ਸਹਾਇਤਾ ਲੈਣ ਦੇ ਅਯੋਗ ਕੋਈ ਬਾਲਗ ਗੰਭੀਰ ਖਤਰੇ ਵਿਚ ਹੋਵੇ ਅਤੇ ਬਾਲਗ ਨੂੰ ਬੁਰੇ ਵਰਤਾਉ, ਅਣਗਹਿਲੀ ਜਾਂ ਸਵੈ-ਅਣਗਹਿਲੀ ਤੋਂ ਬਚਾਉਣ ਲਈ ਉਸ ਨੂੰ ਨਿਯਤ ਕੀਤੀ ਗਈ ਕਿਸੇ ਏਜੰਸੀ (ਰੀਜਨਲ ਹੈਲਥ ਅਥਾਰਟੀ) ਦੇ ਸਟਾਫ ਵਲੋਂ ਸੰਭਾਲ ਕਰਨ ਵਾਲੀ ਥਾਂ 'ਤੇ ਲਿਜਾਇਆ ਗਿਆ ਹੈ ਤਾਂ ਮੈਨੇਜਰ ਬਾਲਗ ਨੂੰ ਬਿਨਾਂ ਕਿਸੇ ਸਹਿਮਤੀ ਦੇ ਦਾਖਲ ਕਰ ਸਕਦਾ ਹੈ। ਮੈਨੇਜਰ ਲਈ ਦਾਖਲੇ ਤੋਂ ਬਾਅਦ ਦੇ 72 ਘੰਟਿਆਂ ਦੇ ਵਿਚ ਵਿਚ ਬਦਲਵੀਂ ਸਹਿਮਤੀ ਲੈਣਾ ਜ਼ਰੂਰੀ ਹੈ ਅਤੇ ਜੇ ਪਹਿਲਾਂ ਹੀ ਮੁਕੰਮਲ ਨਹੀਂ ਹੋਈ ਤਾਂ ਅਸਮਰੱਥਾ ਦੀ ਅਸੈੱਸਮੈਂਟ ਵੀ ਕਰਵਾਉਣਾ ਜ਼ਰੂਰੀ ਹੈ।

### ਕੀ ਕੋਈ ਬਾਲਗ ਸੰਭਾਲ ਕਰਨ ਵਾਲੀ ਥਾਂ ਨੂੰ ਛੱਡ ਕੇ ਜਾ ਸਕਦਾ ਹੈ?

ਮੈਨੇਜਰ ਲਈ ਕਿਸੇ ਸਮਰੱਥ ਬਾਲਗ ਨੂੰ ਸੰਭਾਲ ਕਰਨ ਵਾਲੀ ਥਾਂ ਤੋਂ ਜਾਣ ਦੀ ਆਗਿਆ ਦੇਣਾ ਜ਼ਰੂਰੀ ਹੈ ਜੇ ਉਹ ਅਜਿਹਾ ਕਰਨਾ ਚਾਹੁੰਦਾ ਹੈ ਜਾਂ ਜੇ ਬਾਲਗ ਲਈ ਬਦਲਵੇਂ ਫੈਸਲੇ ਕਰਨ ਵਾਲਾ ਅਜਿਹਾ ਕਰਨਾ ਚਾਹੁੰਦਾ ਹੈ, ਪਰ ਮੈਨੇਜਰ ਕੋਲ ਇਹ ਯਕੀਨ ਕਰਨ ਦਾ ਕਾਰਨ ਨਹੀਂ ਹੋਣਾ ਚਾਹੀਦਾ ਕਿ ਬਦਲਵੇਂ ਫੈਸਲੇ ਕਰਨ ਵਾਲਾ ਇਸ ਤਰੀਕੇ ਨਾਲ ਵਰਤਾਉ ਕਰ ਰਿਹਾ ਹੈ ਜਿਹੜਾ ਕਿ ਬਾਲਗ ਨਾਲ ਬੁਰਾ ਵਰਤਾਉ ਕਰਨ ਵਾਲਾ ਜਾਂ ਬਾਲਗ ਲਈ ਨੁਕਸਾਨਦੇਹ ਹੋ ਸਕਦਾ ਹੈ।

ਜੇ ਅਸਮਰੱਥ ਸਮਝਿਆ ਗਿਆ ਬਾਲਗ ਸੰਭਾਲ ਕਰਨ ਵਾਲੀ ਥਾਂ ਤੋਂ ਜਾਣਾ ਚਾਹੁੰਦਾ ਹੋਵੇ ਤਾਂ ਇਕ ਵਾਜਬ ਸਮੇਂ ਦੇ ਵਿਚ ਵਿਚ ਮੈਨੇਜਰ ਲਈ ਰਿਹਾਇਸ਼ ਜਾਰੀ ਰੱਖਣ ਲਈ ਬਦਲਵੀਂ ਸਹਿਮਤੀ ਲੈਣਾ ਜ਼ਰੂਰੀ ਹੈ। ਇਸ ਦੀ ਲੋੜ ਨਹੀਂ ਹੈ ਜੇ ਬਾਲਗ ਪਿਛਲੇ 30 ਦਿਨਾਂ ਦੇ ਵਿਚ ਵਿਚ ਦਾਖਲ ਕੀਤਾ ਗਿਆ ਸੀ ਜਾਂ ਰਿਹਾਇਸ਼ ਜਾਰੀ ਰੱਖਣ ਲਈ ਸਹਿਮਤੀ ਪਿਛਲੇ 90 ਦਿਨਾਂ ਦੇ ਵਿਚ ਵਿਚ ਲਈ ਗਈ ਸੀ।

ਜੇ ਅਸਮਰੱਥ ਸਮਝਿਆ ਗਿਆ ਬਾਲਗ ਸੰਭਾਲ ਕਰਨ ਵਾਲੀ ਥਾਂ ਤੋਂ ਜਾਣਾ ਚਾਹੁੰਦਾ ਹੋਵੇ ਅਤੇ ਮੈਨੇਜਰ ਕੋਲ ਇਹ ਯਕੀਨ ਕਰਨ ਦਾ ਕਾਰਨ ਹੋਵੇ ਕਿ ਸੰਭਾਲ ਹੇਠਲਾ ਵਿਅਕਤੀ ਹੁਣ ਰਿਹਾਇਸ਼ ਜਾਰੀ ਰੱਖਣ ਲਈ ਸਹਿਮਤੀ ਦੇਣ ਜਾਂ ਸਹਿਮਤੀ ਦੇਣ ਤੋਂ ਨਾਂਹ ਕਰਨ ਦੇ ਸਮਰੱਥ ਹੋ ਸਕਦਾ ਹੈ ਤਾਂ ਮੈਨੇਜਰ ਲਈ ਵਾਜਬ ਸਮੇਂ ਦੇ ਵਿਚ ਵਿਚ ਸੰਭਾਲ ਹੇਠਲੇ ਵਿਅਕਤੀ ਦੀ ਅਸੈੱਸਮੈਂਟ ਕਰਵਾਉਣਾ ਜ਼ਰੂਰੀ ਹੈ।

## ਜੇ ਫੈਸਲਾ ਕਰਨ ਵਾਲਾ ਕੋਈ ਨਾ ਹੋਵੇ ਤਾਂ ਕੀ ਹੋਵੇਗਾ?

ਜੇ ਬਦਲਵੇਂ ਫੈਸਲੇ ਕਰਨ ਵਾਲਿਆਂ ਦੀ ਤਰਤੀਬਵਾਰ ਲਿਸਟ ਵਿੱਚੋਂ ਕੋਈ ਵੀ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਜਾਂ ਰਿਹਾਇਸ਼ ਨੂੰ ਜਾਰੀ ਰੱਖਣ ਦਾ ਫੈਸਲਾ ਕਰਨ ਲਈ ਮੌਜੂਦ, ਖਾਹਸ਼ਮੰਦ ਨਾ ਹੋਵੇ ਜਾਂ ਯੋਗ ਨਾ ਹੋਵੇ ਜਾਂ ਇਸ ਗੱਲ ਬਾਰੇ ਤਰਤੀਬ ਵਿੱਚੋਂ ਬਰਾਬਰ ਦੇ ਦਰਜੇ ਦੇ ਫੈਸਲੇ ਕਰਨ ਵਾਲਿਆਂ ਵਿਚਕਾਰ ਮੱਤਭੇਦ ਹੋਵੇ ਕਿ ਕਿਸ ਦੀ ਚੋਣ ਕੀਤੀ ਜਾਣੀ ਹੈ ਤਾਂ ਮੈਨੇਜਰ ਲਈ ਪੀ ਜੀ ਟੀ ਨਾਲ ਸੰਪਰਕ ਕਰਨਾ ਜ਼ਰੂਰੀ ਹੈ।

## ਬਾਲਗਾਂ, ਪਰਿਵਾਰਾਂ ਅਤੇ ਸਿਹਤ/ਸਮਾਜਿਕ ਸੇਵਾਵਾਂ ਦੇਣ ਵਾਲਿਆਂ ਨੂੰ ਪੀ ਜੀ ਟੀ ਦੇ ਰੋਲ ਬਾਰੇ ਕੀ ਜਾਣਨ ਦੀ ਲੋੜ ਹੈ

### ਪੀ ਜੀ ਟੀ ਨਾਲ ਸੰਪਰਕ ਕਦੋਂ ਕੀਤਾ ਜਾਣਾ ਚਾਹੀਦਾ ਹੈ?

ਕਿਸੇ ਮੈਨੇਜਰ ਨੂੰ ਪੀ ਜੀ ਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇ:

- ਕਿਸੇ ਬਾਲਗ ਨੂੰ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲ ਕਰਨ ਜਾਂ ਰਿਹਾਇਸ਼ ਜਾਰੀ ਰੱਖਣ ਦਾ ਫੈਸਲਾ ਕਰਨ ਦੀ ਲੋੜ ਹੈ ਅਤੇ ਬਾਲਗ ਦੀ ਅਸੈੱਸਮੈਂਟ ਫੈਸਲਾ ਕਰਨ ਦੇ ਅਸਮਰੱਥ ਵਜੋਂ ਹੋਈ ਹੈ;
- ਬਦਲਵਾਂ ਫੈਸਲਾ ਕਰਨ ਲਈ ਕੋਈ ਵੀ ਮੌਜੂਦ, ਖਾਹਸ਼ਮੰਦ ਅਤੇ ਯੋਗ ਨਹੀਂ ਹੈ; ਜਾਂ
- ਬਰਾਬਰ ਦੇ ਬਦਲਾਂ ਵਿਚਕਾਰ ਇਸ ਗੱਲ ਬਾਰੇ ਮੱਤਭੇਦ ਹੈ ਕਿ ਕਿਸ ਦੀ ਚੋਣ ਕੀਤੀ ਜਾਣੀ ਹੈ।

### ਮੈਨੇਜਰ ਵਲੋਂ ਸੰਪਰਕ ਕੀਤੇ ਜਾਣ 'ਤੇ ਪੀ ਜੀ ਟੀ ਦਾ ਕੀ ਰੋਲ ਹੈ?

ਸੰਪਰਕ ਕੀਤੇ ਜਾਣ 'ਤੇ ਪੀ ਜੀ ਟੀ ਇਹ ਕਰ ਸਕਦਾ ਹੈ:

- ਮੌਜੂਦ, ਖਾਹਸ਼ਮੰਦ ਅਤੇ ਯੋਗ ਵਿਅਕਤੀ ਨੂੰ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲ ਕਰਨ ਦਾ ਫੈਸਲਾ ਕਰਨ ਦਾ ਅਧਿਕਾਰ ਦੇ ਸਕਦਾ ਹੈ; ਜਾਂ
- ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲ ਕਰਨ ਦਾ ਫੈਸਲਾ ਕਰਨ ਲਈ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਕੰਮ ਕਰ ਸਕਦਾ ਹੈ।

### ਪੀ ਜੀ ਟੀ ਬਦਲਵੇਂ ਫੈਸਲੈ ਕਰਨ ਵਾਲੇ ਵਜੋਂ ਅਧਿਕਾਰ ਦੇਣ ਦੀ ਚੋਣ ਕਦੋਂ ਕਰੇਗਾ?

ਪੀ ਜੀ ਟੀ ਇਹ ਸਮਝਦਾ ਹੈ ਕਿ ਬਾਲਗ ਦੇ ਨੇੜਲੇ ਲੋਕ ਅਕਸਰ ਸਭ ਤੋਂ ਵਧੀਆ ਅਤੇ ਸਭ ਤੋਂ ਜ਼ਿਆਦਾ ਹਮਦਰਦੀਪੂਰਣ ਸੰਭਾਲ ਪ੍ਰਦਾਨ ਕਰਦੇ ਹਨ। ਪੀ ਜੀ ਟੀ ਇਹ ਵੀ ਸਮਝਦਾ ਹੈ ਕਿ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਦੇ ਫੈਸਲੇ ਦਾ ਬਾਲਗ ਅਤੇ ਪਰਿਵਾਰ ਉੱਪਰ ਫੈਸਲਾ ਕਰਨ ਵੇਲੇ ਅਤੇ ਅਗਾਂਹ ਭਵਿੱਖ ਵਿਚ ਬਹੁਤ ਅਸਰ ਪੈਂਦਾ ਹੈ। ਪੀ ਜੀ ਟੀ ਫੈਸਲੇ ਕਰਨ ਦਾ ਅਧਿਕਾਰ ਦੇਣ ਲਈ ਬਰਾਬਰ ਦੇ ਦਰਜੇ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਚੋਣ ਕਰਨ ਦਾ ਫੈਸਲਾ ਕਰ ਸਕਦਾ ਹੈ।

### ਪੀ ਜੀ ਟੀ ਆਪ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਕਦੋਂ ਕੰਮ ਕਰੇਗਾ?

ਪੀ ਜੀ ਟੀ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਕੰਮ ਕਰੇਗਾ ਜੇ:

- ਇਹ ਸਪਸ਼ਟ ਨਹੀਂ ਹੈ ਕਿ ਬਰਾਬਰ ਦੇ ਦਰਜੇ ਦੇ ਬਦਲਾਂ ਵਿੱਚੋਂ ਕਿਸ ਦੀ ਚੋਣ ਕਰਨੀ ਹੈ; ਜਾਂ
- ਬਾਲਗ ਕੋਲ ਕੋਈ ਹੋਰ ਉਪਲਬਧ ਨਹੀਂ ਹੈ ਜਿਹੜਾ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਬਾਰੇ ਫੈਸਲਾ ਕਰਨ ਲਈ ਖਾਹਸ਼ਮੰਦ ਅਤੇ ਯੋਗ ਹੈ।

ਬਦਲ ਵਜੋਂ, ਪੀ ਜੀ ਟੀ ਬਦਲਵੇਂ ਫੈਸਲੇ ਕਰਨ ਵਾਲਿਆਂ ਦੇ ਫਰਜ਼ਾਂ ਦੀ ਪਾਲਣਾ ਕਰਨ ਅਤੇ ਬਾਲਗ ਦੇ ਬਿਹਤਰ ਹਿੱਤਾਂ ਵਿਚ ਫੈਸਲਾ ਕਰਨ ਲਈ ਜ਼ਿੰਮੇਵਾਰ ਹੈ। ਇਸ ਵਿਚ ਅਜਿਹਾ ਫੈਸਲਾ ਕਰਨਾ ਵੀ ਸ਼ਾਮਲ ਹੋ ਸਕਦਾ ਹੈ ਜਿਸ ਨਾਲ ਬਾਲਗ ਸਹਿਮਤ ਨਹੀਂ ਵੀ ਹੋ ਸਕਦਾ ਹੈ।

### ਬਾਲਗ ਦੇ ਬਿਹਤਰ ਹਿੱਤਾਂ ਵਿਚ ਫੈਸਲਾ ਕਰਨ ਵੇਲੇ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਪੀ ਜੀ ਟੀ ਪਹਿਲੇ ਕਿਹੜੇ ਕਦਮ ਚੁੱਕਦਾ ਹੈ?

- ਫੈਸਲਾ ਕਰਨ ਲਈ ਲੋੜੀਂਦੇ ਢੁਕਵੇਂ ਪੇਪਰ ਅਤੇ ਜਾਣਕਾਰੀ ਮੰਗਦਾ ਹੈ ਜਿਵੇਂ ਕਿ ਬਾਲਗ ਦੀ ਸਿਹਤ ਬਾਰੇ ਜਾਣਕਾਰੀ, ਇੱਛਾਵਾਂ, ਦਿਲਚਸਪੀਆਂ, ਪੈਸੇ, ਸਭਿਆਚਾਰਕ ਪਿਛੋਕੜ ਅਤੇ ਸਮਾਜਿਕ ਹਾਲਤ;
- ਬਾਲਗ ਨਾਲ ਅਤੇ ਮਦਦ ਮੰਗਣ ਵਾਲੇ ਪਰਿਵਾਰ ਅਤੇ ਦੋਸਤਾਂ ਨਾਲ ਸਲਾਹ-ਮਸ਼ਵਰਾ ਕਰਦਾ ਹੈ, ਇਸ ਵਿਚ ਬਾਲਗ ਨੂੰ ਮਿਲਣ ਜਾਣਾ ਅਤੇ/ਜਾਂ ਤਜਵੀਜ਼ ਕੀਤੀ ਜਾ ਰਹੀ ਥਾਂ 'ਤੇ ਜਾਣਾ ਵੀ ਸ਼ਾਮਲ ਹੈ;
- ਇਹ ਵਿਚਾਰ ਕਰਦਾ ਹੈ ਕਿ ਕੀ ਸੰਭਾਲ ਕਰਨ ਵਾਲੀ ਕੋਈ ਥਾਂ ਘੱਟ ਦਖਲ ਦੇਣ ਵਾਲੀ ਹੈ, ਬਾਲਗ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹੈ ਜਾਂ ਕੀ ਕੋਈ ਹੋਰ ਜ਼ਿਆਦਾ ਢੁਕਵੇਂ ਬਦਲ ਹਨ;
- ਮੈਨੇਜਰ ਵਲੋਂ ਸੰਭਾਲ ਕਰਨ ਵਾਲੀਆਂ ਥਾਂਵਾਂ ਦੀ ਦਿੱਤੀ ਗਈ ਲਿਸਟ ਬਾਰੇ ਖੋਜ ਕਰਦਾ ਹੈ ਅਤੇ ਹੋਰ ਪਤਾ ਲਾਉਂਦਾ ਹੈ ਜਿਹੜੀਆਂ ਬਾਲਗ ਦੀ ਸੰਭਾਲ ਦੀਆਂ ਲੋੜਾਂ ਅਤੇ ਨਿੱਜੀ ਹਾਲਤਾਂ ਸਭ ਤੋਂ ਬਿਹਤਰ ਪੂਰੀਆਂ ਕਰ ਸਕਦੀਆਂ ਹੋਣ;
- ਇਹ ਪਤਾ ਲਾਉਣ ਲਈ ਕਿ ਬਾਲਗ ਨੂੰ ਕੀ ਵਾਰਾ ਖਾ ਸਕਦਾ ਹੈ, ਬਾਲਗ ਦੇ ਪੈਸੇ-ਧੇਲੇ ਦਾ ਪ੍ਰਬੰਧ ਚਲਾ ਰਹੇ ਕਿਸੇ ਵੀ ਵਿਅਕਤੀ ਨਾਲ ਸਲਾਹ-ਮਸ਼ਵਰਾ ਕਰਦਾ ਹੈ। ਕੁਝ ਹਾਲਤਾਂ ਵਿਚ, ਪੀ ਜੀ ਟੀ ਬਾਲਗ ਦੀ ਇਸਟੇਟ ਦੀ ਕਮੇਟੀ ਬਣ ਸਕਦਾ ਹੈ; ਅਤੇ
- ਮੈਨੇਜਰ ਨੂੰ ਫੈਸਲਾ ਦੱਸਦਾ ਹੈ ਜਿਸ ਵਿਚ ਸੰਭਾਲ ਕਰਨ ਵਾਲੀਆਂ ਇਕ ਜਾਂ ਜ਼ਿਆਦਾ ਤਰਜੀਹੀ ਥਾਂਵਾਂ ਲਈ ਸਹਿਮਤੀ ਸ਼ਾਮਲ ਹੋ ਸਕਦੀ ਹੈ।

### ਜਦੋਂ ਇਹ ਦੱਸਿਆ ਜਾਂਦਾ ਹੈ ਕਿ ਸੰਭਾਲ ਕਰਨ ਵਾਲੀ ਤਰਜੀਹੀ ਥਾਂ ਬਾਲਗ ਲਈ ਉਪਲਬਧ ਹੋ ਗਈ ਹੈ, ਜਾਂ ਉਪਲਬਧ ਨਹੀਂ ਹੈ ਤਾਂ ਪੀ ਜੀ ਟੀ ਕਿਹੜੇ ਕਦਮ ਚੁੱਕਦਾ ਹੈ?

- ਫਿਰ ਤੋਂ ਇਹ ਪੱਕਾ ਕਰਦਾ ਹੈ ਕਿ ਉਸ ਥਾਂ ਵਿਚ ਦਾਖਲਾ ਅਜੇ ਵੀ ਬਾਲਗ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਭ ਤੋਂ ਬਿਹਤਰ ਚੋਣ ਹੈ ਅਤੇ ਉੱਚੇ ਪੱਧਰ ਦੇ ਅਤੇ ਯੋਗ ਬਦਲ ਉਪਲਬਧ ਨਹੀਂ ਹਨ; ਅਤੇ
- ਸੰਭਵ ਤੌਰ 'ਤੇ ਤਰਜੀਹੀ ਰਿਹਾਇਸ਼ ਲਈ ਉਡੀਕ ਕਰਨ ਦੌਰਾਨ ਸੰਭਾਲ ਕਰਨ ਵਾਲੀ ਕਿਸੇ ਆਰਜ਼ੀ ਥਾਂ ਲਈ ਸਹਿਮਤੀ ਦਿੰਦਾ ਹੈ, ਜੇ ਇਹ ਬਾਲਗ ਦੇ ਬਿਹਤਰ ਹਿੱਤਾਂ ਵਿਚ ਹੈ।

### ਪੀ ਜੀ ਟੀ ਦੇ ਹੋਰ ਕਿਹੜੇ ਰੋਲ ਹੋ ਸਕਦੇ ਹਨ?

ਪੀ ਜੀ ਟੀ ਬਾਲਗ ਲਈ ਆਰਜ਼ੀ ਫੈਸਲਾ ਕਰਨ ਵਾਲੇ ਦੇ ਤੌਰ 'ਤੇ ਕੰਮ ਕਰ ਸਕਦਾ ਹੈ ਜੇ ਕੋਈ ਹੋਰ ਯੋਗ ਵਿਅਕਤੀ ਖਾਹਸ਼ਮੰਦ ਨਹੀਂ ਹੈ ਅਤੇ ਉਪਲਬਧ ਨਹੀਂ ਹੈ। ਪੀ ਜੀ ਟੀ ਹੈਲਥ ਕੇਅਰ ਕੌਂਨਸੈਂਟ ਦੀਆਂ ਸ਼ਰਤਾਂ ਹੇਠ ਸਿਹਤ ਸੰਭਾਲ ਦੇ ਉਹ ਫੈਸਲੇ ਕਰਦਾ ਹੈ

ਜਿਹੜੇ ਕੀਤੇ ਜਾਣ ਦੀ ਲੋੜ ਹੈ ਜੇ ਬਾਲਗ ਅਜਿਹਾ ਕਰਨ ਦੇ ਯੋਗ ਨਹੀਂ ਹੈ। ਇਹ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਦੀ ਕਾਰਵਾਈ ਨਾਲੋਂ ਇਕ ਵੱਖਰੀ ਕਾਰਵਾਈ ਹੈ।

ਪੀ ਜੀ ਟੀ ਉਦੋਂ ਵਿੱਤੀ ਪੜਤਾਲ ਵੀ ਸ਼ੁਰੂ ਕਰ ਸਕਦਾ ਹੈ ਜਦੋਂ ਇਹ ਫਿਕਰ ਹੋਣ ਕਿ ਬਾਲਗ ਆਪਣੇ ਪੈਸੇ-ਧੇਲੇ ਦਾ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਹੈ ਅਤੇ ਅਜਿਹਾ ਕਰਨ ਲਈ ਕਿਸੇ ਹੋਰ ਨੂੰ ਨਿਯੁਕਤ ਨਹੀਂ ਕੀਤਾ ਗਿਆ ਹੈ।

### ਐਮਰਜੰਸੀ ਵਿਚ ਦਾਖਲੇ ਵਿਚ ਪੀ ਜੀ ਟੀ ਦਾ ਕੀ ਰੋਲ ਹੈ?

ਜੇ ਪੀ ਜੀ ਟੀ ਇਸ ਗੱਲ ਤੋਂ ਸੰਤੁਸ਼ਟ ਹੋਵੇ ਕਿ ਹਾਲਤ ਐਮਰਜੰਸੀ ਵਾਲੀ ਹੈ ਤਾਂ ਉਹ ਆਪਣੀ ਆਮ ਪੜਤਾਲ ਕਰਨ ਦੌਰਾਨ ਬਾਲਗ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਥੋੜ੍ਹੇ ਸਮੇਂ ਦੀ ਸਹਿਮਤੀ ਦੇ ਸਕਦਾ ਹੈ।

### ਜੇ ਬਾਲਗ ਥਾਂ ਤੋਂ ਜਾਣ ਦੀ ਇੱਛਾ ਜ਼ਾਹਰ ਕਰਦਾ ਹੈ ਤਾਂ ਪੀ ਜੀ ਟੀ ਕੀ ਕਰੇਗਾ?

ਜੇ ਪੀ ਜੀ ਟੀ ਨੂੰ ਥਾਂ ਵਿਚ ਰਿਹਾਇਸ਼ ਨੂੰ ਜਾਰੀ ਰੱਖਣ ਬਾਰੇ ਫੈਸਲਾ ਕਰਨ ਲਈ ਕਿਹਾ ਜਾਂਦਾ ਹੈ ਤਾਂ ਓਹੀ ਫਰਜ਼ ਲਾਗੂ ਹੁੰਦੇ ਹਨ ਜਿਹੜੇ ਦਾਖਲੇ ਬਾਰੇ ਫੈਸਲੇ ਲਈ ਹਨ। ਥਾਂ ਤੋਂ ਜਾਣ ਦੀ ਇੱਛਾ ਦੇ ਕਾਰਨ ਦਾ ਪਤਾ ਲਾਉਣ ਲਈ ਸਟਾਫ ਬਾਲਗ ਨਾਲ ਗੱਲ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਕੀ ਕੋਈ ਘੱਟ ਦਖਲ ਵਾਲੀ ਚੋਣ, ਕੋਈ ਹੋਰ ਕੇਅਰ ਹੋਮ ਜਾਂ ਹੋਰ ਮਦਦਾਂ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ।

### ਥਾਂ ਵਿਚ ਦਾਖਲੇ ਲਈ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਪੀ ਜੀ ਟੀ ਕਿਹੜੇ ਫੈਸਲੇ <u>ਨਹੀਂ</u> ਕਰ ਸਕਦਾ ਹੈ?

ਬਦਲਵਾਂ ਫੈਸਲਾ ਕਰਨ ਵਾਲੇ ਵਜੋਂ, ਪੀ ਜੀ ਟੀ ਸਿਰਫ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਅਤੇ ਰਿਹਾਇਸ਼ ਦੇ ਜਾਰੀ ਰਹਿਣ ਨਾਲ ਸੰਬੰਧਿਤ ਫੈਸਲੇ ਹੀ ਕਰ ਸਕਦਾ ਹੈ। ਇਹ ਅਧਿਕਾਰ ਬਦਲ ਨੂੰ ਇਨ੍ਹਾਂ ਚੀਜ਼ਾਂ ਬਾਰੇ ਫੈਸਲੇ ਕਰਨ ਦੇ ਯੋਗ ਨਹੀਂ ਬਣਾਉਂਦਾ:

- ਬਾਲਗ ਦੇ ਪੈਸੇ – ਦਾਖਲੇ ਦੇ ਫੈਸਲੇ ਦਾ ਮਤਲਬ ਇਹ ਨਹੀਂ ਹੈ ਕਿ ਪੀ ਜੀ ਟੀ ਰੈਜ਼ੀਡੈਂਸ਼ਲ ਕੇਅਰ ਦੀਆਂ ਯੂਜ਼ਰ ਫੀਸਾਂ ਦੇਣ ਦਾ ਫੈਸਲਾ ਵੀ ਕਰ ਰਿਹਾ ਹੈ (ਭਾਵੇਂ ਕਿ ਪੀ ਜੀ ਟੀ ਲੋੜੀਂਦੇ ਵਿੱਤੀ ਫੈਸਲੇ ਕਰਨ ਲਈ ਵੱਖਰੇ ਤੌਰ ’ਤੇ ਨਿਯੁਕਤ ਕੀਤਾ ਜਾ ਸਕਦਾ ਹੈ);
- ਜਾਣਕਾਰੀ ਸਾਂਝੀ ਕਰਨਾ;
- ਇਲਾਜ ਦੇ ਫੈਸਲੇ (ਭਾਵੇਂ ਕਿ ਉਹ ਕਾਨੂੰਨ ਦੀਆਂ ਹੈਲਥ ਕੇਅਰ ਕੌਨਸੈਂਟ ਸ਼ਰਤਾਂ ਅਧੀਨ ਆਰਜ਼ੀ ਤੌਰ ’ਤੇ ਬਦਲਵੇਂ ਫੈਸਲੇ ਕਰਨ ਵਾਲੇ ਵਜੋਂ ਅਜਿਹਾ ਕਰ ਸਕਦਾ ਹੈ); ਅਤੇ
- ਮਨਾਹੀਆਂ ਦੀ ਵਰਤੋਂ।

### ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਪੀ ਜੀ ਟੀ ਦੇ ਕੰਮ ਕਰਨ ਦਾ ਕੀ ਕੋਈ ਖਰਚਾ ਹੈ?

ਨਹੀਂ, ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਲਈ ਬਦਲਵਾਂ ਫੈਸਲਾ ਕਰਨ ਵਾਲੇ ਵਜੋਂ ਅਧਿਕਾਰ ਦੇਣ ਜਾਂ ਕੰਮ ਕਰਨ ਲਈ ਪੀ ਜੀ ਟੀ ਕੋਈ ਫੀਸਾਂ ਜਾਂ ਖਰਚੇ ਨਹੀਂ ਲੈਂਦਾ।

### ਜੇ ਕੋਈ ਪੀ ਜੀ ਟੀ ਵਲੋਂ ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਦੇ ਫੈਸਲੇ ਨਾਲ ਅਸਹਿਮਤ ਹੋਵੇ ਤਾਂ ਕੀ ਹੋਵੇਗਾ?

ਉੱਪਰ ਦਿੱਤੇ ਗਏ ਉਪਾਵਾਂ ਤੋਂ ਇਲਾਵਾ, ਸ਼ਿਕਾਇਤਾਂ ਕਰਨ ਲਈ ਪੀ ਜੀ ਟੀ ਦਾ ਇਕ ਆਪਣਾ ਤਰੀਕਾ ਵੀ ਹੈ। ਜ਼ਿਆਦਾ ਜਾਣਕਾਰੀ ਲਈ ਰੀਜਨਲ ਕਨਸਲਟੈਂਟ ਤੋਂ ਪੁੱਛੋ ਜਾਂ **www.trustee.bc.ca/pages/feedback.aspx** ’ਤੇ ਸਾਡੇ ਵੈੱਬਸਾਈਟ ’ਤੇ ਜਾਉ।

ਜੇ ਤੁਸੀਂ ਆਪਣੀ ਸ਼ਿਕਾਇਤ ਬਾਰੇ ਪੀ ਜੀ ਟੀ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ 1.800.567.3247 ’ਤੇ ਫੋਨ ਕਰਕੇ ਜਾਂ **www.bcombudsperson.ca** ਵੈੱਬਸਾਈਟ ’ਤੇ ਜਾ ਕੇ ਆਪਣੇ ਫਿਕਰ ਬੀ ਸੀ ਓਮਬਡਜ਼ਪਰਸਨ ਨੂੰ ਦੱਸ ਸਕਦੇ ਹੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## ਨਿੱਜੀ ਫੈਸਲੇ ਦੀਆਂ ਸੇਵਾਵਾਂ

700–808 West Hastings Street
Vancouver, BC V6C 3L3

| | |
|---|---|
| ਲੋਕਲ ਫੋਨ | **604 660 4507** |
| ਟੋਲ ਫ੍ਰੀ ਫੋਨ | **1 877 511 4111** |
| ਲੋਕਲ ਫੈਕਸ | **604 660 9479** |
| ਟੋਲ ਫ੍ਰੀ ਫੈਕਸ | **1 855 660 9479** |
| ਈਮੇਲ | **AIS-PDS@trustee.bc.ca** |

## ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ਵੈਨਕੂਵਰ | **604 660 2421** |
| ਵਿਕਟੋਰੀਆ | **250 387 6121** |
| ਬੀ ਸੀ ਵਿਚ ਹੋਰ ਇਲਾਕੇ | **1 800 663 7867** |
| ਈਮੇਲ | **mail@trustee.bc.ca** |
| ਵੈੱਬਸਾਈਟ | **www.trustee.bc.ca** |

*ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*

**ਜ਼ਰੂਰੀ ਨੋਟ:** ਇਹ ਲਿਖਤ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਲੋਂ ਦਿੱਤੀ ਗਈ ਹੈ। ਇਹ ਕਾਨੂੰਨੀ ਸ਼ਰਤਾਂ ਬਾਰੇ ਦੱਸਦੀ ਹੈ ਪਰ ਕਾਨੂੰਨੀ ਸਲਾਹ ਨਹੀਂ ਹੈ। ਇਹ ਆਮ ਜਾਣਕਾਰੀ ਹੈ ਅਤੇ ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਜੇ ਤੁਹਾਨੂੰ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਨਾਲ ਸੰਬੰਧਿਤ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਵਕੀਲ ਜਾਂ ਨੋਟਰੀ ਨਾਲ ਜਾਂ ਆਪਣੇ ਕਮਿਉਨਟੀ ਲਾਅ ਆਫਿਸ ਨਾਲ ਸੰਪਰਕ ਕਰੋ।